بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 03.07.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਸਅਦ ਬਿਨ ਮਆਜ਼ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 03 ਜੁਲਾਈ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَٰهَ إِلَّا اللهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم. بِسْمِ اللهِ الرَّحْمَٰنِ الرَّحِيمِ. اَلْحَمْدُ لِلّٰهِ رَبِّ الْعَالَمِينَ. الرَّحْمَٰنِ الرَّحِيمِ. مَالِكِ يَوْمِ الدِّينِ. إِيَّاكَ نَعْبُدُ وَإِيَّاكَ نَسْتَعِينُ. اِهْدِنَا الصِّرَاطَ الْمُسْتَقِيمَ. صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّالِّينَ.

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਯਾਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਪਿਛੱਲੇ ਖ਼ੁਤਬੇ ਵਿੱਚ ਹਜ਼ਰਤ ਸਅਦ ਬਿਨ ਮਆਜ਼ ਦਾ ਜ਼ਿਕਰ ਚੱਲ ਰਿਹਾ ਸੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਸੂਰਤ ਰਅਦ ਦੀ ਆਇਤ 12

لَهٗ مُعَقِّبٰتٌ مِّنۡۢ بَيۡنِ يَدَيۡهِ وَمِنۡ خَلۡفِهٖ يَحۡفَظُوۡنَهٗ مِنۡ اَمۡرِ اللّٰهِ ؕ

ਅਰਥਾਤ ਉਸ ਦੇ ਲਈ ਉਸਦੇ ਅੱਗੇ ਪਿੱਛੇ ਚਲੱਣ ਵਾਲੇ ਸੁਰੱਖਿਅਕ ਨਿਯੁਕਤ ਹਨ । ਇਸ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦਾ ਨਬੁਵੱਤ ਦਾ ਸਾਰਾ ਸਮਾਂ ਉਸ ਦੀ ਸੁਰੱਖਿਆ ਦਾ ਪ੍ਰਮਾਣ ਹੈ ਜੋ ਰੱਬ ਨੇ ਵਾਦਾ ਕੀਤਾ ਸੀ । ਸੋ, ਪਵਿਤੱਰ ਮੱਕੇ ਵਿੱਚ ਆਪ ਸਲਲੱਾਹੁ ਅਲੈਹਿ ਵਸਲਮ ਦੀ ਸੁਰੱਖਿਆ ਫ਼ਰਿਸ਼ਤੇ ਹੀ ਕਰਦੇ ਸਨ ਵਰਨਾ ਆਪ ਐਨ੍ਹੇ ਦੁਸ਼ਮਣਾ ਵਿੱਚ ਘਿਰੇ ਹੋਏ ਰਹਿੰਦਿਆਂ ਹੋਇਆਂ ਕਿਵੇਂ ਸੁਰੱਖਿਅਤ ਰਹਿ ਸਕਦੇ ਸਨ । ਹਾਂ ਮਦੀਨੇ ਆਉਣ'ਤੇ ਆਪ ਨੂੰ ਦੋਹਾਂ ਤਰ੍ਹਾਂ ਦੀ ਸੁਰੱਖਿਆ ਪ੍ਰਾਪਤ ਹੋਈ, ਅਰਥਾਤ ਅਕਾਸ਼ੀ ਫ਼ਰਿਸ਼ਤਿਆਂ ਦੀ ਅਤੇ ਧਰਤੀ ਦੇ ਫਰਿਸ਼ਤੇ ਅਰਥਾਤ ਸਹਾਬਾ ਦੀ ਵੀ । ਬਦਰ ਦੀ ਜੰਗ ਇਸ ਜ਼ਾਹਿਰੀ ਤੇ ਆਤਮਕ ਸੁਰੱਖਿਆ ਦੀ ਇਕ ਅਤਿ ਜੀਉਂਦੀ ਜਾਗਦੀ ਉਧਾਰਣ ਹੈ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਜੱਦ ਮਦੀਨੇ ਆ ਗਏ ਸਨ ਤਾਂ ਆਪ ਨੇ ਮਦੀਨੇ ਵਾਲਿਆਂ ਨਾਲ ਸਮਝੌਤਾ ਕੀਤਾ ਸੀ ਕਿ ਜੇਕਰ ਆਪ ਮਦੀਨੇ ਤੋਂ ਬਾਹਰ ਜਾਕੇ ਲੜਨਗੇ ਤਾਂ ਮਦੀਨੇ ਵਾਲੇ ਆਪ ਦਾ ਸਾਥ ਦੇਣ ਲਈ ਮਜਬੂਰ ਨਹੀਂ ਹੋਣਗੇ । ਬਦਰ ਦੀ ਲੜਾਈ ਸਮੇਂ ਆਪ ਨੇ ਅੰਸਾਰ ਅਤੇ ਮੁਹਾਜਰਾਂ ਤੋਂ ਲੜਾਈ ਬਾਰੇ ਮਸ਼ਵਰਾ ਕੀਤਾ । ਮੁਹਾਜਰ ਵਾਰ ਵਾਰ ਅੱਗੇ ਵਧੱਕੇ ਮੁਕਾਬਲਾ ਕਰਨ'ਤੇ ਜ਼ੋਰ ਦਿੰਦੇ ਸਨ ਪਰ ਹਜ਼ੂਰ

ਸਲਲੱਾਹੁ ਅਲੈਹਿ ਵਸਲਮ ਉਹਨਾ ਦੀ ਗੱਲ ਸੁਣਕੇ ਫਿਰ ਫ਼ਰਮਾ ਦਿੰਦੇ ਸਨ ਕਿ ਹੇ ਲੋਕੋ ਮਸ਼ਵਰਾ ਦਿਓ ਜਿਸ'ਤੇ ਇਕ ਅੰਸਾਰੀ ਸਅਦ ਬਿਨ ਮਆਜ਼ ਨੇ ਕਿਹਾ ਕਿ ਕੀ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਮੁਰਾਦ ਸਾਡੇ ਨਾਲ ਹੈ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਰਾਇਆ ਹਾਂ । ਉਸ ਨੇ ਕਿਹਾਂ ਕਿ ਬੇਸ਼ਕ ਅਸੀਂ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨਾਲ ਸਮਝੌਤਾ ਕੀਤਾ ਹੋਇਆ ਹੈ ਪਰ ਉਹ ਸਮਾਂ ਹੋਰ ਸੀ ਅਤੇ ਹੁਣ ਜੱਦ ਕੇ ਅਸੀਂ ਦੇਖ ਲਿਆ ਹੈ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਰੱਬ ਦੇ ਸੱਚੇ ਰਸੂਲ ਹਨ ਤਾਂ ਹੁਣ ਇਸ ਮਸ਼ਵਰੇ ਦੀ ਕੀ ਲੋੜ ਹੈ । ਜੇਕਰ ਹਜ਼ੂਰ ਸਾਨੂੰ ਹੁਕਮ ਦੇਣ ਤਾਂ ਅਸੀਂ ਆਪਣੇ ਘੋੜੇ ਸਮੁੰਦਰ ਵਿੱਚ ਪਾ ਦਿਆਂਗੇ ਅਸੀਂ ਮੂਸਾ ਦੀ ਕੌਮ ਵਾਂਗ ਇਹ ਨਹੀਂ ਕਹਾਂਗੇ ਕਿ ਜਾ ਤੂੰ ਤੇ ਤੇਰਾ ਰੱਬ ਜਾ ਕੇ ਲੜੋ ਅਸੀਂ ਐਥੇ ਬੈਠੇ ਹਾਂ, ਸਗੋਂ ਅਸੀਂ ਹਜ਼ੂਰ ਦੇ ਸੱਜੇ ਖੱਬੇ ਅੱਗੇ ਪਿੱਛੇ ਲੜਾਂਗਾ ਅਤੇ ਦੁਸ਼ਮਣ ਤੱਦ ਤੱਕ ਆਪ ਤੱਕ ਨਹੀਂ ਪਹੁੰਚ ਸਕਦਾ ਜੱਦ ਤੱਕ ਉਹ ਸਾਡੀਆਂ ਲੋਥਾਂ ਨੂੰ ਮਧੋਲਦਿਆਂ ਹੋਇਆਂ ਨ ਲੰਘੇ । ਆਪ ਫ਼ਰਮਾਉਂਦੇ ਹਨ ਕਿ ਇਹ ਨੇਕ ਲੋਕ ਵੀ ਮੇਰੇ ਨੇੜੇ ਉਹਨਾ ਨੇਕ ਨਤੀਜਿਆਂ ਅਰਥਾਰ ਉਹਨਾ ਰੱਖਿਅਕਾਂ ਵਿੱਚੋਂ ਸਨ ਜੋ ਰੱਬ ਨੇ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਸੁਰੱਖਿਆ ਲਈ ਨਿਯੁਕਤ ਕੀਤੇ ਸਨ ।

ਇਕ ਸਹਾਬੀ ਕਹਿੰਦੇ ਹਨ ਕਿ ਮੈਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੰਗਤ ਵਿੱਚ ਤੇਰ੍ਹਾਂ ਜੰਗਾ ਵਿੱਚ ਸ਼ਾਮਲ ਹੋਇਆ ਪਰ ਮੇਰੇ ਦਿਲ ਵਿੱਚ ਵਾਰ ਵਾਰ ਇਕ ਇਛੱਾ ਪੈਦਾ ਹੁੰਦੀ ਕਿ ਮੈਂ ਇਹਨਾ ਜੰਗਾ ਵਿੱਚ ਭਾਗ ਲੈਂਣ ਦੀ ਥਾਂ ਇਸ ਵਾਕ ਨੂੰ ਆਖਣ ਵਾਲਾ ਹੁੰਦਾ ਜੋ ਸਅਦ ਬਿਨ ਮਆਜ਼ ਦੇ ਮੂੰਹੋਂ ਨਿਕਲਿਆ ਸੀ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਉਹਦ ਦੀ ਜੰਗ ਦਾ ਜ਼ਿਕਰ ਕਰਦਿਆਂ ਹੋਇਆਂ ਲਿਖੱਦੇ ਹਨ ਕਿ ਆਪ ਸਲਲੱਾਹੁ ਅਲੈਹਿ ਵਸਲਮ ਸਹਾਬਾ ਦੀ ਇਕ ਵੱਡੀ ਜਮਾਤ ਦੇ ਨਾਲ ਨਮਾਜ਼ ਅਸਰ ਦੇ ਬਾਦ ਮਦੀਨੇ ਵਿੱਚ ਨਿਕਲੇ । ਕਬੀਲਾ ਓਸ ਅਤੇ ਖ਼ਜ਼ਰਜ ਦੇ ਰਈਸ ਸਅਦ ਬਿਨ ਮਆਜ਼ ਅਤੇ ਸਅਦ ਬਿਨ ਅਬਾਦਹ ਆਪ ਦੀ ਸਵਾਰੀ ਦੇ ਸਾਹਮਣੇ ਹੌਲ੍ਹੀ ਹੌਲ੍ਹੀ ਦੌੜ ਰਹੇ ਸਨ ਅਤੇ ਬਾਕੀ ਸਹਾਬਾ ਆਪ ਦੇ ਸੱਜੇ ਤੇ ਖੱਬੇ ਅਤੇ ਪਿੱਛੇ ਚੱਲ ਰਹੇ ਸਨ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉਹਦ ਦੀ ਜੰਗ ਤੋਂ ਵਾਪਸ ਮਦੀਨਾ ਪਰਤੇ ਅਤੇ ਆਪਣੇ ਘੋੜੇ ਤੋਂ ਹੇਠਾਂ ਉਤਰੇ ਤਾਂ ਆਪ ਹਜ਼ਰਤ ਸਅਦ ਬਿਨ ਮਆਜ਼ ਅਤੇ ਸਅਦ ਬਿਨ ਅਬਾਦਾਹ ਦਾ ਸਹਾਰਾ ਲੈਂਦੇ ਹੋਏ ਆਪਣੇ ਘਰ ਵਿੱਚ ਦਾਖ਼ਲ ਹੋਏ । ਹਜ਼ਰਤ ਸਅਦ ਬਿਨ ਮਆਜ਼ ਦੀ ਮਾਤਾ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਾਲ ਕਿੰਨ੍ਹਾ ਪ੍ਰੇਮ ਸੀ ਇਸ ਦਾ ਜ਼ਿਕਰ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ

ਜੰਗੇ ਉਹਦ ਤੋਂ ਵਾਪਸੀ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸਵਾਰੀ ਦੀ ਬਾਗ ਹਜ਼ਰਤ ਸਅਦ ਬਿਨ ਮਆਜ਼ ਫ਼ੜੇ ਹੋਏ ਬਹੁਤ ਮਾਣ ਨਾਲ ਚੱਲ ਰਹੇ ਸਨ, ਜੰਗ ਵਿੱਚ ਆਪਦਾ ਭਰਾ ਵੀ ਮਾਰਿਆ ਗਿਆ ਸੀ । ਹਜ਼ਰਤ ਸਅਦ ਰਜ਼ੀ ਅਲੱਾਹ ਅਨਹੁ ਦੀ ਮਾਂ ਦੀ ਉਮਰ ਉਸ ਸਮੇਂ ਅੱਸੀ ਬਿਆਸੀ ਸਾਲ ਸੀ, ਨਜ਼ਰ ਬਹੁਤ ਕਮਜ਼ੋਰ ਸੀ । ਮਦੀਨੇ ਵਿੱਚ ਇਹ ਮਸ਼ਹੂਰ ਹੋ ਗਿਆ ਸੀ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਸ਼ਹੀਦ ਕਰ ਦਿੱਤਾ ਗਿਆ ਹੈ ਤਾਂ ਇਹ ਖ਼ਬਰ ਸੁਣਕੇ ਉਹ ਬੁੱਢੀ ਮਾਤਾ ਵੀ ਲੜਖੜਾਉਂਦੀ ਹੋਈ ਮਦੀਨੇ ਤੋਂ ਬਾਹਰ ਨਿਕਲੀ ਜਾ ਰਹੀ ਸੀ । ਹਜ਼ਰਤ ਸਅਦ ਨੇ ਕਿਹਾ, ਹੇ ਰਸੂਲੁਲੱਾਹ, ਮੇਰੀ ਮਾਂ ਆ ਰਹੀ ਹੈ । ਜੱਦ ਆਪ ਉਸ ਬੁੱਢੀ ਇਸਤਰੀ ਕੋਲ ਆਏ ਤਾਂ ਉਸ ਦੇ ਆਪਣੇ ਪੁਤੱਰਾਂ ਸੰਬੰਧੀ ਕੋਈ ਖ਼ਬਰ ਨਹੀਂ ਪੁੱਛੀ । ਪੁੱਛਿਆ ਤਾਂ ਇਹ ਪੁੱਛਿਆ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਕਿੱਥੇ ਹਨ । ਹਜ਼ਰਤ ਸਅਦ ਨੇ ਉਤੱਰ ਦਿਤੱਾ ਆਪ ਦੇ ਸਾਹਮਣੇ ਹਨ । ਉਸ ਬੁੱਢੀ ਇਸਤਰੀ ਨੇ ਨਜ਼ਰ ਉਪੱਰ ਚੁੱਕੀ ਅਤੇ ਉਸ ਦੀਆਂ ਕਮਜ਼ੋਰ ਨਜ਼ਰਾਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਉਪੱਰ ਫ਼ੈਲਕੇ ਰਹਿ ਗਈਆਂ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਬੀਬੀ ਮੈਂਨੂੰ ਦੁੱਖ ਹੈ ਕਿ ਤੁਹਾਡਾ ਜੁਆਨ ਪੁਤੱਰ ਇਸ ਜੰਗ ਵਿੱਚ ਸ਼ਹੀਦ ਹੋ ਗਿਆ ਹੈ । ਬੁਢੇਪੇ ਵਿੱਚ ਕੋਈ ਵਿਅਕਤੀ ਅਜਿਹੀ ਖ਼ਬਰ ਸੁਣਦਾ ਹੈ ਤਾਂ ਉਸਦੇ ਹੋਸ਼ ਉਡੱ ਜਾਂਦੇ ਹਨ, ਪਰ ਇਸ ਬੁੱਢੀ ਇਸਤਰੀ ਨੇ ਉਤੱਰ ਦਿਤੱਾ ਕਿ ਹੇ ਰਸੂਲੁਲੱਾਹ ਆਪ ਕਿਹੋ ਜਿਹੀਆਂ ਗਲੱਾਂ ਕਰ ਰਹੇ ਹਨ, ਮੈਂਨੂੰ ਤਾਂ ਆਪ ਦੀ ਖ਼ੈਰੀਯਤ ਦੀ ਚਿੰਤਾ ਸੀ ।

ਹਜ਼ਰਤ ਮੁਸਲਿਹ ਮੌਊਦ ਨੇ ਇਹ ਘਟਨਾ ਬਿਆਨ ਕੀਤੀ ਇਸ ਦੇ ਬਾਦ ਆਪ ਨੇ ਅਹਮਦੀ ਇਸਤਰੀਆਂ ਨੂੰ ਪ੍ਰਚਾਰ ਦੇ ਕਰਤਵ ਉਪੱਰ ਧਿਆਨ ਦੁਆਉਦਿਆਂ ਹੋਇਆ ਫ਼ਰਮਾਇਆ ਕਿ ਇਹੋ ਉਹ ਇਸਤਰੀਆਂ ਸਨ ਜੋ ਇਸਲਾਮ ਦੇ ਪ੍ਰਸਾਰ ਤੇ ਪ੍ਰਚਾਰ ਵਿੱਚ ਪੁਰਸ਼ਾਂ ਦੇ ਅੰਗ ਸੰਗ ਚਲਦੀਆਂ ਸਨ ਅਤੇ ਇਹੋ ਉਹ ਇਸਤਰੀਆਂ ਸਨ ਜਿਨ੍ਹਾ ਦੀਆਂ ਕੁਰਬਾਨੀਆਂ ਉਪੱਰ ਇਸਲਾਮੀ ਸੰਸਾਰ ਮਾਣ ਕਰਦਾ ਹੈ । ਤੁਹਾਡਾ ਵੀ ਦਾਵਾ ਹੈ ਕਿ ਤੁਸੀਂ ਹਜਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਇਮਾਨ ਲਿਆਈ ਹੋ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਪ੍ਰਤੀਬਿੰਬ ਹਨ ਹੋਰਨਾ ਸ਼ਬਦਾਂ ਵਿੱਚ ਤੁਸੀਂ ਸਹਾਬੀ ਇਸਤਰੀਆਂ ਦੀ ਪ੍ਰਤੀਬਿੰਬ ਹੋ ਪਰ ਤੁਸੀਂ ਸਹੀ ਢੰਗ ਨਾਲ ਦੱਸੋ ਕਿ ਤੁਹਾਡੇ ਅੰਦਰ ਧਰਮ ਦੀ ਉਹੋ ਭਾਵਨਾ ਭਰੀ ਹੋਈ ਹੈ ਜੋ ਸਹਾਬੀ ਇਸਤਰੀਆਂ ਵਿੱਚ ਸੀ । ਜੇਕਰ ਤੁਸੀਂ ਗ਼ੌਰ ਕਰੋਗੀਆਂ ਤਾਂ ਤੁਸੀਂ ਆਪਣੇ ਆਪ ਨੂੰ ਬਹੁਤ ਪਿੱਛੇ ਦੇਖੋਗੀ । ਸਹਾਬੀ ਇਸਤਰੀਆਂ ਨੇ ਜੋ ਕੁਰਬਾਨੀਆਂ ਕੀਤੀਆਂ ਅੱਜ ਤੱਕ ਦੁਨੀਆ ਦੇ ਪਰਦੇ'ਤੇ ਉਸ ਦੀਆਂ ਉਧਾਰਣਾ ਨਹੀਂ ਮਿਲਦੀਆਂ । ਉਹਨਾ ਦੀਆਂ ਕੁਰਬਾਨੀਆਂ ਜੋ ਉਹਨਾ ਨੇ ਆਪਣੀ ਜਾਨ ਉਪੱਰ ਖੇਡਕੇ ਕੀਤੀਆਂ ਰੱਬ ਨੂੰ ਅਜਿਹੀਆਂ ਪਿਆਰੀਆਂ ਲੱਗੀਆਂ ਕਿ ਰੱਬ ਨੇ ਬਹੁਤ ਛੇਤੀ ਉਹਨਾ ਨੂੰ ਸਫ਼ਲਤਾਵਾਂ ਪ੍ਰਦਾਨ ਕੀਤੀਆਂ ਅਤੇ ਦੂਜੀਆਂ ਕੌਮਾਂ ਜਿਸ ਕੰਮ ਨੂੰ ਸਦੀਆਂ ਵਿੱਚ ਨਹੀਂ ਕਰ ਸਕੀਆਂ ਉਹਨਾ ਨੂੰ ਸਹਾਬਾ ਤੇ ਸਹਾਬੀ ਇਸਤਰੀਆਂ ਨੇ ਕੁਝ ਵਰ੍ਹਿਆਂ ਵਿੱਚ ਕਰਕੇ ਦਿਖਾ ਦਿਤੱਾ ।

ਹਜ਼ੂਰ ਨੇ ਫ਼ਰਮਾਇਆ : ਯਹੂਦੀ ਕਬੀਲਾ ਬਨੂ ਨਜ਼ੀਰ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਇਕ ਵਡੱਾ ਪਥੱਰ ਡਿਗਾਕੇ ਧੋਖੇ ਨਾਲ ਮਾਰਨ ਦਾ ਮਨਸੂਬਾ ਬਣਾਇਆ । ਰੱਬ ਨੇ ਵਹੀ ਰਾਹੀਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਬਰ ਦਿੱਤੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਸ ਕਬੀਲੇ ਦੇ ਘਿਰਾਓ ਦਾ ਆਦੇਸ਼ ਦਿਤੱਾ । ਜਿਸ ਦੇ ਸਿੱਟੇ ਵਿੱਚ ਅਖ਼ਰ ਇਹ ਕਬੀਲਾ ਮਦੀਨੇ ਤੋਂ ਜਿਲਾਵਤਨ (ਤੜੀਪਾਰ) ਹੋ ਗਿਆ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਬਨੂ ਨਜ਼ੀਰ ਦੀ ਜੰਗ ਦਾ ਮਾਲੇ ਗ਼ਨੀਮਤ ਮਿਲਿਆ ਤਾਂ ਆਪ ਦੇ ਓਸ ਤੇ ਖ਼ਜ਼ਰਜ ਨੂੰ ਬੁਲਾਇਆ । ਆਪ ਨੇ ਰੱਬ ਦੀ ਸਿਫ਼ਤ ਸਲਾਹ ਬਿਆਨ ਕਰਨ ਦੇ ਬਾਦ ਅੰਸਾਰ ਦੇ ਮੁਹਾਜਰਾਂ ਉਪੱਰ ਕੀਤੇ ਉਪਕਾਰਾਂ ਨੂੰ ਵਰਨਣ ਕੀਤਾ ਫਿਰ ਆਪ ਨੇ ਫ਼ਰਮਾਇਆ ਜੇਕਰ ਤੁਸੀਂ ਪਸੰਦ ਕਰੋ ਤਾਂ ਮੈਂ ਬਨੂ ਨਜ਼ੀਰ ਤੋਂ ਹਾਸਲ ਹੋਣ ਵਾਲੇ ਮਾਲੇ ਗ਼ਨੀਮਤ ਨੂੰ ਤੁਹਾਡੇ ਤੇ ਮੁਹਾਜਰਾਂ ਵਿੱਚ ਵੰਡ ਦਿਆਂ । ਮੁਹਾਜਰ ਪਹਿਲਾਂ ਵਾਂਗ ਤੁਹਾਡੇ ਘਰਾਂ ਵਿੱਚ ਰਹਿਣਗੇ । ਪਰ ਦੂਜੀ ਅਵਸਥਾ ਇਹ ਹੈ ਕਿ ਜੇਕਰ ਤੁਸੀਂ ਪਸੰਦ ਕਰੋ ਤਾਂ ਇਹ ਮਾਲ ਮੈਂ ਮੁਹਾਜਰਾਂ ਵਿੱਚ ਵੰਡ ਦਿੰਦਾ ਹਾਂ ਫ਼ਿਰ ਉਹ ਤੁਹਾਡੇ ਘਰਾਂ ਵਿੱਚੋਂ ਨਿਕਲ ਜਾਣਗੇ । ਇਸ'ਤੇ ਹਜ਼ਰਤ ਸਅਦ ਬਿਨ ਅਬਾਦਹ ਅਤੇ ਹਜ਼ਰਤ ਸਅਦ ਬਿਨ ਮਆਜ਼ ਦੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਆਪ ਇਹ ਮਾਲ ਮੁਹਾਜਰਾਂ ਵਿੱਚ ਵੰਡ ਦੇਣ ਪਰ ਉਹ ਪਹਿਲਾਂ ਵਾਂਗ ਸਾਡੇ ਘਰਾਂ ਵਿੱਚ ਹੀ ਰਹਿਣਗੇ ਅਤੇ ਇਹ ਭਾਈਚਾਰਕ ਸੰਬੰਧ ਕਾਇਮ ਰਹੇਗਾ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹੇ ਅਲੱਾਹ ਅੰਸਾਰ ਉਪੱਰ ਰਹਿਮ ਫ਼ਰਮਾ ਅਤੇ ਅੰਸਾਰ ਦੇ ਪੁਤੱਰਾਂ ਉਪੱਰ ਰਹਿਮ ਫ਼ਰਮਾ । ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮਾਲੇ ਗ਼ਨੀਮਤ ਮੁਹਾਜਰਾਂ ਵਿੱਚ ਵੰਡ ਦਿਤੱਾ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਹਜ਼ਰਤ ਨੇ ਸਅਦ ਬਿਨ ਮਆਜ਼ ਨੂੰ ਅਬੂ ਹਕੀਕ ਯਹੂਦੀ ਦੀ ਤਲਵਾਰ ਪ੍ਰਦਾਨ ਕੀਤੀ ਜਿਸਦੀ ਯਹੂਦੀਆਂ ਵਿੱਚ ਬਹੁਤ ਪ੍ਰਸਿੱਧੀ ਸੀ ।

ਜੱਦ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਉਪੱਰ ਆਰੋਪ ਲਾਇਆ ਗਿਆ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਬਹੁਤ ਦੁੱਖ'ਚੋਂ ਲੰਘਣਾ ਪਿਆ ਅਤੇ ਮੁਨਾਫ਼ਕਾਂ ਦੇ ਗਲਤ ਰਵੱਈਏ ਦਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਸਹਾਬਾ ਨੇ ਸਾਹਮਣੇ ਪ੍ਰਗਟਾ ਕੀਤਾ ਤਾਂ ਉਸ ਸਮੇਂ ਹਜ਼ਰਤ ਸਅਦ ਬਿਨ ਮਆਜ਼ ਨੇ ਨਿਰਸਵਾਰਥ ਕੁਰਬਾਨੀ ਦਾ ਮੁਜ਼ਾਹਰਾ ਕੀਤਾ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਸਹਾਬਾ ਨੂੰ ਇਕਤੱਰ ਕੀਤਾ ਅਤੇ ਫ਼ਰਮਾਇਆ ਕੋਈ ਹੈ ਜੋ ਮੈਂਨੂੰ ਉਸ ਵਿਅਕਤੀ ਤੋਂ ਬਚਾਏ ਜਿਸਨੇ ਮੈਂਨੂੰ ਦੁੱਖ ਦਿਤੱਾ ਹੈ । ਹਜ਼ਰਤ ਸਅਦ ਬਿਨ ਮਆਜ਼ ਜੋ ਓਸ ਕਬੀਲੇ ਦੇ

ਸਰਦਾਰ ਸਨ ਖੜੇ ਹੋਏ ਅਤੇ ਕਿਹਾ ਹੇ ਰਸੂਲੁਲੱਾਹ ! ਜੇਕਰ ਉਹ ਵਿਅਕਤੀ ਸਾਡੇ ਵਿੱਚੋਂ ਹੈ ਤਾਂ ਅਸੀਂ ਉਸਨੂੰ ਮਾਰਨ ਲਈ ਤਿਆਰ ਹਾਂ ਅਤੇ ਜੇਕਰ ਉਹ ਖ਼ਜ਼ਰਜ ਵਿੱਚੋਂ ਹੈ ਤਾਂ ਵੀ ਉਸ ਨੂੰ ਮਾਰਨ ਲਈ ਤਿਆਰ ਹਨ ।

ਖੰਦਕ ਦੀ ਜੰਗ ਸਮੇਂ ਅਬੂ ਸੁਫ਼ਯਾਨ ਨੇ ਬਨੂ ਕੁਰੈਜ਼ਾ ਦੇ ਰਈਸ ਕਅਬ ਬਿਨ ਅਸਵਦ ਨੂੰ ਹਰੇ ਬਾਗ਼ ਦਿਖਾਕੇ ਮੁਸਲਮਾਨਾਂ ਦੀ ਤਬਾਹੀ ਦਾ ਵਿਸ਼ਵਾਸ ਦੁਆਕੇ ਮੁਸਲਮਾਨਾ ਨਾਲ ਕੀਤੇ ਸਮਝੌਤੇ ਉਪੱਰ ਅਮਲ ਨ ਕਰਨ ਲਈ ਰਾਜ਼ੀ ਕਰ ਲਿਆ ਸਗੋਂ ਇਸ ਗੱਲ'ਤੇ ਵੀ ਰਾਜ਼ੀ ਕਰ ਲਿਆ ਕਿ ਉਹ ਮੱਕੇ ਦੇ ਕੁਫ਼ਾਰ ਦਾ ਸਹਾਇਕ ਬਣ ਜਾਣਗੇ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਬਨੂ ਕੁਰੈਜ਼ਾ ਦੀ ਖ਼ਤਰਨਾਕ ਗ਼ਦੱਾਰੀ ਦਾ ਪਤਾ ਲਗੱਾ ਤਾਂ ਆਪਨੇ ਕਬੀਲਾ ਓਸ ਤੇ ਖ਼ਜ਼ਰਜ ਦੇ ਰਈਸ ਸਅਦ ਬਿਨ ਮਆਜ਼ ਅਤੇ ਸਅਦ ਬਿਨ ਅਬਾਦਹ ਅਤੇ ਕੁਝ ਹੋਰ ਬਾ ਰਸੂਖ਼ ਸਹਾਬਾ ਨੂੰ ਇਕ ਜੱਥੇ ਦੇ ਰੂਪ ਵਿੱਚ ਬਨੂ ਕੁਰੈਜ਼ਾ ਵੱਲ ਭੇਜਿਆ । ਬਨੂ ਕੁਰੈਜ਼ਾ ਅਤੇ ਉਹਨਾ ਦੇ ਰਈਸ ਕਅਬ ਬਿਨ ਅਸਵਦ ਸਮਝੌਤੇ ਦੀ ਗੱਲ ਹੋਣ'ਤੇ ਬੋਲੇ ਕਿ ਜਾਓ ਮੁਹਮੱਦ (ਸਲਲੱਾਹੁ ਅਲੈਹਿ ਵਸਲਮ) ਨੂੰ ਆਖ ਦਿਓ ਸਾਡੇ ਵਿੱਚਕਾਰ ਕੋਈ ਸਮਝੌਤਾ ਨਹੀਂ ਹੋਇਆ ਅਤੇ ਅਸੀਂ ਕੋਈ ਸਮਝੋਤਾ ਨਹੀਂ ਕੀਤਾ । ਇਹ ਸ਼ਬਦ ਸੁਣਕੇ ਸਹਾਬਾ ਦਾ ਜਥੱਾ ਵਾਪਸ ਪਰਤ ਆਇਆ ਅਤੇ ਸਅਦ ਬਿਨ ਮਆਜ਼ ਤੇ ਸਅਦ ਬਿਦ ਅਬਾਦਹ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਕੇ ਉਚਿਤ ਢੰਗ ਨਾਲ ਹਾਲਾਤ ਦੀ ਸੂਚਨਾ ਦਿੱਤੀ ।

ਖ਼ੰਦਕ ਦੀ ਜੰਗ ਮੁਕੱਣ'ਤੇ ਜੱਦ ਸ਼ਹਿਰ ਪਰਤੇ ਤਾਂ ਰੱਬ ਨੇ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਕਸ਼ਫ਼ (ਦਿਵ ਦ੍ਰਿਸ਼ਟੀ) ਦੇ ਰੂਪ ਵਿੱਚ ਬਨੂ ਕੁਰੈਜ਼ਾ ਦੀ ਗਦੱਾਰੀ ਅਤੇ ਬਗ਼ਾਵਤ ਦਾ ਦੰਡ ਦੇਣ ਬਾਰੇ ਦੱਸਿਆ । ਇਸ ਜੰਗ ਦਾ ਵਿਸਥਾਰ ਕੁਝ ਲੰਮਾ ਹੈ ਜਿਸ ਵਿੱਚ ਹਜ਼ਰਤ ਸਅਦ ਬਿਨ ਮਆਜ਼ ਦਾ ਵੀ ਅੰਤ ਵਿੱਚ ਫ਼ੈਸਲਾ ਕਰਨ ਦਾ ਕਿਰਦਾਰ ਹੈ । ਹੁਣ ਸਮਾਂ ਨਹੀਂ ਭਵਿੱਖ ਵਿੱਚ ਇਨਸ਼ਾਅਲੱਾਹ ਇਹ ਵਿਸਥਾਰ ਵਰਨਣ ਕਰਾਂਗਾ ।

اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ
فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَأْمُرُ
بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 03.07.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131